ਇੰਜੀ: ਪ੍ਰਵੀਨ ਬਿਰਦੀ ਐਪੀਲੈਟ ਅਥਾਰਟੀ ਕਮ ਡਾਇਰੈਕਟਰ/ਵਾਟਰ ਸੈਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।

ਵਿਸ਼ਾ: ਅਪੀਲ ਅਧੀਨ ਆਰ.ਟੀ.ਆਈ ਐਕਟ-2005-ਸ੍ਰੀ ਭੁਪਿੰਦਰ ਸਿੰਘ

ਮਿਤੀ 03.05.2017 ਨੂੰ ਹਾਜਰ:-

ਪੀ.ਆਈ.ਓ ਕਮ ਵਧੀਕ ਡਾਇਰੈਕਟਰ/ਕੰਟਰੋਲ/ਵਿੱਤ ਤੇ ਲੇਖਾ (ਜੀ.ਪੀ.ਫੰਡ ਸ਼ਾਖਾ)

ਅਪੀਲ ਕਰਤਾ:- Bhupinder 3/5/17

ਮਿਤੀ 03.05.2017 ਦੀ ਕਾਰਵਾਈ ਰਿਪੋਰਟ:- ਅੱਜ ਮਿਤੀ 03.05.17 ਨੂੰ ਪੀ.ਆਈ.ਓ ਕਮ ਏ.ਡੀ.ਐਫ ਵੱਲੋਂ ਸੁਪਰਡੰਟ/ਜੀ.ਪੀ.ਐਫ ਸ੍ਰੀ ਸਤਿੰਦਰ ਵਾਲੀਆ ਅਤੇ ਸ੍ਰੀ ਸਤਿੰਦਰ ਸਿੰਘ ਸੀ. ਸਹਾਇਕ ਪੇਸ਼ ਹੋਏ ਸ੍ਰੀ ਭੁਪਿੰਦਰ ਸਿੰਘ ਸੀ.ਐਚ.ਡੀ ਆਪਣੀ ਮਰਜ਼ੀ ਨਾਲ ਪੇਸ ਹੋਏ।

ਲੜੀ ਨੰਬਰ 1 ਦੇ ਸਬੰਧ ਵਿੱਚ ਅਰਜੀ ਕਰੰਤਾ ਨੇ ਦਸਿਆ ਕਿ ਉਸਨੂੰ ਲੋੜੀਂਦੀ ਕੈਲਕੂਲੇਸ਼ਨ ਸ਼ੀਟ ਦੇ ਦਿੱਤੀ ਗਈ ਹੈ। ਨਾਲ ਇਹ ਵੀ ਦੱਸਿਆ ਕਿ ਉਸਨੂੰ ਕੋਰਸਪੋਡੈਂਸ ਸਬੰਧੀ ਗਰੀਨ ਨੋਟ ਸ਼ੀਟਾਂ ਵੀ ਚਾਹੀਦੀਆਂ ਹਨ, ਜਿਹੜਾ ਕਿ ਉਨ੍ਹਾਂ ਦੀ ਅਰਜ਼ੀ ਵਿੱਚ ਕਲੀਅਰ ਨਹੀਂ ਕੀਤਾ ਗਿਆ ਸੀ।

ਪੀ.ਆਈ.ਓ ਵਲੋਂ ਜੀ.ਪੀ.ਐਫ ਸ਼ਾਖਾ ਨੇ ਦੱਸਿਆ ਕਿ ਅਪੀਲ ਕਰਤਾ ਨੂੰ ਉਪਰੋਕਤ ਲੋੜੀਂਦੀ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇਗੀ।

ਲੜੀ ਨੰਬਰ 2 ਦੇ ਸਬੰਧ ਵਿੱਚ ਪੀ.ਆਈ.ਓ ਵਲੋਂ ਦਸਿਆ ਗਿਆ ਹੈ ਕਿ ਮਹਾਲੇਖਾਕਾਰ ਪੰਜਾਬ, ਚੰਡੀਗੜ੍ਹ ਵਲੋਂ ਅਰਜੀ ਕਰਤਾ ਦੇ ਖਾਤੇ ਸਬੰਧੀ ਜੋ ਸੂਚਨਾ ਆਈ ਸੀ ਉਹ ਇਨ੍ਹਾਂ ਦੇ ਰਿਕਾਰਡ ਵਿੱਚ ਉਪਲੱਬਧ ਨਹੀਂ ਸੀ ਅਤੇ ਉਹੀ ਸੂਚਨਾ ਮਹਾਲੇਖਾਕਾਰ ਪੰਜਾਬ, ਚੰਡੀਗੜ੍ਹ ਤੋਂ ਮੰਗਵਾਕੇ ਮੁਹੱਈਆ ਕਰਵਾ ਦਿੱਤੀ ਗਈ ਸੀ।

ਅੱਜ ਮਿਤੀ 03.05.17 ਨੂੰ ਅਰਜੀ ਕਰਤਾ ਨੇ ਉਹੀ ਸੂਚਨਾ ਇਹ ਲਿਖਕੇ ਵਾਪਿਸ ਕਰ ਦਿੱਤੀ ਹੈ ਕਿ ਇਸਦੀ ਮੈਨੂੰ ਲੋੜ ਨਹੀਂ ਹੈ।

ਪੀ.ਆਈ.ਓ ਜੀ.ਪੀ.ਐਫ ਸ਼ਾਖਾ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਅੱਜ ਮਿਤੀ 03/05/17 ਨੂੰ ਦੁਪਹਿਰ ਤੋਂ ਬਾਅਦ 3 ਵੱਜੇ ਲੜੀ ਨੰਬਰ 1 ਦੇ ਸਬੰਧ ਵਿੱਚ ਸੂਚਨਾ ਅਰਜੀ ਕਰਤਾ ਨੂੰ ਨਿਜੀ ਪੱਧਰ ਤੇ ਦੇ ਦਿੱਤੀ ਜਾਵੇ। ਅਪੀਲ ਕਰਤਾ ਨੂੰ ਵੀ ਕਿਹਾ ਗਿਆ ਹੈ ਕਿ ਆਪਣੀ ਸੂਚਨਾ ਨਿਜੀ ਪੱਧਰ ਤੇ ਜੀ.ਪੀ.ਐਫ ਸ਼ਾਖਾ ਤੋਂ ਪ੍ਰਾਪਤ ਕਰ ਲਈ ਜਾਵੇ।

ਇਸ ਦੇ ਨਾਲ ਹੀ ਕੇਸ ਡਿਸਪੋਜ਼ਆਫ ਕੀਤਾ ਜਾਂਦਾ ਹੈ।

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 342 ਮਿਤੀ 04/05/2017

ਐਪੀਲੈਟ ਅਥਾਰਟੀ ਕਮ ਡਾਇਰੈਕਟਰ/ਵਾਟਰ ਸੈਲ,
ਸਿੰਚਾਈ ਵਿਭਾਗ,ਪੰਜਾਬ,
ਚੰਡੀਗੜ੍ਹ।

ਨੰ: 254-56 ਮਿਤੀ 03-05-17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ ਕਮ ਵਧੀਕ ਡਾਇਰੈਕਟਰ/ਵਿੱਤ ਤੇ ਲੇਖਾ,(ਜੀ.ਪੀ.ਫੰਡ ਸ਼ਾਖਾ) ਸਿੰਚਾਈ ਵਿਭਾਗ, ਚੰਡੀਗੜ੍ਹ।
2) ਕਾਰਜਕਾਰੀ ਇੰਜੀ. ਕੰਪਿਊਟਰ ਸੈਲ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬਸਾਈਟ ਤੇ ਅਪਲੋਡ ਕਰਨ ਹਿਤ।
3) ਸ੍ਰੀ ਭੁਪਿੰਦਰ ਸਿੰਘ, ਸੀ.ਐਚ.ਡੀ (ਸੇਵਾ ਨਵਿਰਤ) ਮਕਾਨ ਨੰ. 1655 ਸੈਕਟਰ 70, ਐਸ.ਏ.ਐਸ ਨਗਰ ਮੋਹਾਲੀ ਨੂੰ ਸੂਚਨਾ ਹਿੱਤ।

ਐਪੀਲੈਟ ਅਥਾਰਟੀ ਕਮ ਡਾਇਰੈਕਟਰ/ਵਾਟਰ ਸੈਲ,
ਸਿੰਚਾਈ ਵਿਭਾਗ,ਪੰਜਾਬ,
ਚੰਡੀਗੜ੍ਹ